ਫੋਨ : 01652-229142

# ਨਹਿਰੂ ਯੁਵਾ ਕੇਂਦਰ

ਪੂਰੇ ਦੇਸ਼ ਵਿੱਚ 524 ਜ਼ਿਲ੍ਹਿਆਂ ਵਿੱਚ ਨਹਿਰੂ ਯੁਵਾ ਕੇਂਦਰ ਹਨ ਜੋ ਕਿ ਜ਼ਿਲ੍ਹਾ ਹੈਡਕੁਆਰਟਰ ਵਿਖੇ ਹੀ ਸਥਿਤ ਹਨ। ਨਹਿਰੂ ਯੁਵਾ ਕੇਂਦਰ ਜ਼ਿਲ੍ਹੇ ਦੇ ਮੁਖੀਆਂ ਨੂੰ ਜ਼ਿਲ੍ਹਾ ਯੂਥ ਕੁਆਰਡੀਨੇਟਰ ਕਿਹਾ ਜਾਂਦਾ ਹੈ। ਨਹਿਰੂ ਯੁਵਾ ਕੇਂਦਰ ਮਾਨਸਾ ਗਲੀ ਨੰ: 3, ਕੋਰਟ ਰੋਡ ਵਿਖੇ ਹੈ ਜਿਸਦਾ ਫੋਨ ਨੰ: 01652-229142 ਹੈ ਅਤੇ ਇਸ ਦਫ਼ਤਰ ਦੇ ਇੰਚਾਰਜ਼ ਜ਼ਿਲ੍ਹਾ ਯੂਥ ਕੁਆਰਡੀਨੇਟਰ ਹਨ। ਨੌਜਵਾਨਾਂ ਦੇ ਸਮੁੱਚੇ ਵਿਕਾਸ ਅਤੇ ਉਹਨਾਂ ਨੂੰ ਰਾਸ਼ਟਰ ਦੀ ਮੁੱਖ ਧਾਰਾ ਨਾਲ ਜੋੜਨ ਲਈ ਸਰਕਾਰ ਦੁਆਰਾ ਪ੍ਰੋਗਰਾਮ ਉਲੀਕੇ ਜਾਂਦੇ ਹਨ ਅਤੇ ਨਹਿਰੂ ਯੁਵਾ ਕੇਂਦਰ ਦੇ ਮਾਧਿਅਮ ਦੁਆਰਾ ਹੇਠ ਲਿਖੇ ਅਨੁਸਾਰ ਕਰਵਾਏ ਜਾਂਦੇ ਹਨ :-

### 1 *ਨੌਜਵਾਨ ਕਲੱਬ ਵਿਕਾਸ ਪ੍ਰੋਗਰਾਮ :*

ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦੇਸ਼ ਵਿੱਚ ਚੱਲ ਰਹੇ ਯੂਥ ਕਲੱਬਾਂ ਨੂੰ ਵਧਾਉਣਾ ਹੈ। ਇਸਦੇ ਤਹਿਤ ਪੰਜ ਰੋਜਾ ਕੈਂਪ ਲਗਾ ਕੇ ਨੌਜਵਾਨਾਂ ਨੂੰ ਸਮਾਜਿਕ ਮੁੱਦਿਆਂ ਬਾਰੇ ਜਾਣਕਾਰੀ ਦੇ ਕੇ ਉਹਨਾਂ ਨੂੰ ਆਪਣੇ ਪਿੰਡਾਂ ਵਿੱਚ ਯੁਵਾ ਸੰਗਠਨ ਬਨਾਉਣ ਲਈ ਪ੍ਰੇਰਿਤ ਕਰਨਾ ਹੈ।

### 2 *ਨੌਜਵਾਨ ਪੀੜ੍ਹੀ ਚੇਤਨਾ ਪ੍ਰੋਗਰਾਮ :-*

ਇਹ ਪ੍ਰੋਗਰਾਮ ਨੌਜਵਾਨਾਂ ਨੂੰ ਚੱਲ ਰਹੀ ਜਾਂ ਆਉਣ ਵਾਲੀ ਮੁਸ਼ਕਿਲ ਜਾਂ ਮੁੱਦੇ ਜਿਹੜੇ ਕਿ ਸਥਾਨਕ ਜਾਂ ਸਮਾਜਿਕ ਮਹੱਤਤਾ ਵਾਲੇ ਹੁੰਦੇ ਹਨ ਅਤੇ ਲੋਕਾਂ ਦੇ ਜੀਵਨ ਤੇ ਪ੍ਰਭਾਵਸ਼ਾਲੀ ਹੁੰਦੇ ਹਨ, ਲਈ ਖਾਸ ਤੌਰ ਤੇ ਪੇਂਡੂ ਇਲਾਕੇ ਦੇ ਨੌਜਵਾਨਾਂ ਉੱਤੇ, ਉਹਨਾਂ ਬਾਰੇ ਜਾਗਰੂਕਤਾ ਦੇਣ ਲਈ ਸਿਰਜਿਆ ਗਿਆ ਹੈ।

### 3 *ਕਿੱਤਾ ਸਿਖਲਾਈ ਪ੍ਰੋਗਰਾਮ :*

ਪੇਂਡੂ ਨੌਜਵਾਨਾਂ ਦੇ ਵਿਵਸਾਇਕ ਕਿੱਤਿਆ ਨੂੰ ਸੁਧਾਰਨਾ ਤਾਂ ਜੋ ਉਹ ਆਪਣੀ ਆਮਦਨ ਨੂੰ ਆਪਣੇ ਵਰਤਮਾਨ ਕਿੱਤੇ ਜਾਂ ਧੰਦੇ ਨਾਲ ਵਧਾ ਸਕਣ।

### 4 *ਖੇਡ ਵਿਕਾਸ ਪ੍ਰੋਗਰਾਮ ਜਾਂ ਖੇਡਾਂ ਉਤਸ਼ਾਹਿਤ ਪ੍ਰੋਗਰਾਮ :-*

ਇਸ ਪ੍ਰੋਗਰਾਮ ਦਾ ਆਯੋਜਨ ਪੇਂਡੂ ਖੇਡਾਂ ਜਿੰਨ੍ਹਾਂ ਲਈ ਕਿ ਪੈਸਾ, ਸਾਧਨ ਅਤੇ ਹੋਰ ਕਿਸੇ ਢਾਂਚੇ ਦੀ ਘੱਟ ਜਰੂਰਤ ਪੈਂਦੀ ਹੈ, ਉਹਨਾਂ ਖੇਡਾਂ ਨੂੰ ਲੋਕ ਪ੍ਰਿਯ ਕਰਨਾ ਹੈ। ਹਰ ਨਹਿਰੂ ਯੁਵਾ ਕੇਂਦਰ ਨੇ ਚਾਰ ਖੇਡ ਟੂਰਨਾਮੈਂਟ ਆਯੋਜਿਤ ਕਰਨੇ ਹੁੰਦੇ ਹਨ।

### 5 *ਸੱਭਿਆਚਾਰਕ ਪ੍ਰੋਗਰਾਮ :-*

ਇਸ ਦਾ ਮੁੱਖ ਉਦੇਸ਼ ਸਮਾਜਿਕ ਲੋਕ-ਕਲਾ ਅਤੇ ਸੱਭਿਆਚਾਰ ਨੂੰ ਵਧਾਉਣਾ-ਫੈਲਾਉਣਾ ਹੈ ਅਤੇ ਇਸ

ਦੁਆਰਾ ਮਹੱਤਵਪੂਰਨ ਸਮਾਜਿਕ ਸੰਦੇਸ਼ ਲੋਕਾਂ ਤੱਕ ਪਹੁੰਚਾਉਣਾ ਹੈ।

**6 *ਵਰਕ-ਕੈਂਪ :-***

ਇਸ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਮਿਹਨਤ ਦੇ ਗੌਰਵ ਨੂੰ ਵਧਾਉਣਾ, ਉਹਨਾਂ ਦੇ ਅੰਦਰ ਲੁਕੇ ਹੋਏ ਲੀਡਰਸ਼ਿਪ ਦੇ ਗੁਣ ਨੂੰ ਉਜਾਗਰ ਕਰਨਾ, ਉਹਨਾਂ ਦੀ ਪ੍ਰਤਿਭਾ ਅਤੇ ਯੋਗਤਾ ਨੂੰ ਵੱਖ ਵੱਖ ਸਕੀਮਾਂ ਰਾਹੀਂ ਲੋਕਾਂ ਦੀ ਭਲਾਈ ਲਈ ਵਰਤਣਾ ਹੈ। ਇਹ ਕੈਂਪ 5 ਦਿਨ ਦੇ ਹੁੰਦੇ ਹਨ ਜਿਨ੍ਹਾਂ ਵਿੱਚ 25 ਦੇ ਲਗਭਗ ਨੌਜਵਾਨ ਭਾਗ ਲੈਂਦੇ ਹਨ। ਸ੍ਰੰਮ-ਦਾਨ ਤੋਂ ਇਲਾਵਾ ਇਹਨਾਂ ਕੈਂਪਾਂ ਵਿੱਚ ਸਮਾਜਿਕ ਅਤੇ ਵਿਕਾਸ ਦੇ ਮੁੱਦਿਆਂ ਉੱਤੇ ਵਿਚਾਰ ਕੀਤਾ ਜਾਂਦਾ ਹੈ।

**7 *ਸਾਹਸੀ ਭਾਵਨਾ ਨੂੰ ਉਤਸ਼ਾਹਿਤ ਕਰਨ ਸਬੰਧੀ ਪ੍ਰੋਗਰਾਮ :-***

ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਸਾਹਸੀ ਭਾਵਨਾ ਨੂੰ ਵਧਾਉਣਾ ਹੈ।

**8 *ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਿਨ ਅਤੇ ਹਫ਼ਤੇ ਮਨਾਉਣੇ।***

ਪੇਂਡੂ ਨੌਜਵਾਨਾਂ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਿਨਾਂ ਦੇ ਉਦੇਸ਼, ਵਿਸ਼ਾ, ਇਤਿਹਾਸ ਅਤੇ ਤਰਕ ਬਾਰੇ ਜਾਗਰਿਤੀ ਦੇਣੀ ਹੈ। ਅਜਾਦੀ ਦਿਵਸ, ਗਣਤੰਤਰਤਾ ਦਿਵਸ ਅਤੇ ਸ਼ਹੀਦੀ ਦਿਵਸ ਤੋਂ ਇਲਾਵਾ ਰਾਸ਼ਟਰੀ ਯੁਵਾ ਦਿਵਸ (12 ਜਨਵਰੀ) ਰਾਸ਼ਟਰੀ ਹਫ਼ਤਾ (13 ਤੋਂ 19 ਜਨਵਰੀ) ਵਿਸ਼ਵ ਆਬਾਦੀ ਦਿਵਸ (11 ਜੁਲਾਈ) ਮੁੱਖ ਤੌਰ ਤੇ ਮਨਾਏ ਜਾਂਦੇ ਹਨ।

**9 *ਨੌਜਵਾਨ ਯੁਵਾ ਯੁਵਤੀਆਂ ਦੇ ਸੰਗਠਨ ਬਨਾਉਣੇ :-***

ਇਸ ਪ੍ਰੋਗਰਾਮ ਅਧੀਨ ਨੌਜਵਾਨ ਯੁਵਾ ਯੁਵਤੀਆਂ ਦੇ ਸੰਗਠਨ ਬਣਾਏ ਜਾਂਦੇ ਹਨ ਜਿਨ੍ਹਾਂ ਦੀ ਉਮਰ 15 ਸਾਲ ਤੋਂ ਲੈਕੇ 35 ਸਾਲ ਵਿਚਕਾਰ ਹੁੰਦੀ ਹੈ। ਜਿਸ ਵਿੱਚ ਉਹਨਾਂ ਨੂੰ ਆਪਣੇ ਵਿਕਾਸ, ਸਮਾਜਿਕ ਵਿਕਾਸ ਅਤੇ ਦੇਸ਼ ਸੇਵਾ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

**10 *ਕੁਦਰਤੀ ਆਫ਼ਤਾਂ ਨਾਲ ਨਿਪਟਣ ਵਿੱਚ ਸਹਿਯੋਗ :***

ਜਦੋਂ ਜਦੋਂ ਵੀ ਦੇਸ਼ ਵਿੱਚ ਕੋਈ ਅਣ-ਸੁਖਾਵੀਂ ਘਟਨਾ ਵਾਪਰਦੀ ਹੈ, ਉਦੋਂ ਇਹ ਵਿਭਾਗ ਕਲੱਬਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਘਟਨਾ ਵਾਲੀਆਂ ਥਾਵਾਂ ਤੇ ਖਾਣ-ਪੀਣ, ਕੱਪੜੇ ਅਤੇ ਆਰਥਿਕ ਮਦਦ ਦਾ ਪ੍ਰਬੰਧ ਕਰਦਾ ਹੈ।

**11 *ਯੁਵਾ ਕਲਾ ਪ੍ਰਦਰਸ਼ਨੀਆਂ :-***

ਨਹਿਰੂ ਯੁਵਾ ਕੇਂਦਰ ਵੱਲੋ ਜ਼ਿਲ੍ਹੇ ਭਰ ਵਿੱਚ ਲੜਕੀਆਂ ਲਈ ਕਿੱਤਾ ਸਿਖਲਾਈ ਕੇਂਦਰ ਵੀ ਚਲਾਏ ਜਾਂਦੇ ਹਨ ਜਿਨ੍ਹਾਂ ਵਿੱਚ ਨੌਜਵਾਨ ਲੜਕੀਆਂ ਨੂੰ ਸਿਖਲਾਈ, ਕਢਾਈ, ਪਰਸ ਅਤੇ ਹੋਰ ਚਮੜੇ ਦਾ ਸਾਮਾਨ ਬਨਾਉਣਾ

ਸਿਖਾਇਆ ਜਾਂਦਾ ਹੈ ਅਤੇ ਉਸ ਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਂਦੀਆਂ ਹਨ ।

## 12 *ਸਮਾਜਿਕ ਕੁਰੀਤੀਆਂ ਵਿਰੁੱਧ ਪ੍ਰੋਗਰਾਮ* :

ਸਮਾਜ ਵਿੱਚ ਫੈਲੀਆਂ ਕੁਰੀਤੀਆਂ ਜਿਵੇਂ ਦਾਜ, ਭਰੂਣ ਹੱਤਿਆ, ਜਾਤੀ-ਵਾਦ, ਏਡਜ਼ ਅਤੇ ਨਸ਼ੇ ਨੂੰ ਰੋਕਣ ਜਾਂ ਖਤਮ ਕਰਨ ਸਬੰਧੀ ਪਿੰਡਾਂ ਵਿੱਚ ਕਲੱਬਾਂ ਦੇ ਸਹਿਯੋਗ ਲਾਲ ਸੈਮੀਨਾਰ/ਨੁੱਕੜ ਨਾਟਕ ਕਰਵਾਏ ਜਾਂਦੇ ਹਨ ।

## 13 **ਅੰਤਰਰਾਜੀ ਟੂਰ** :

ਇਸ ਪ੍ਰੋਗਰਾਮ ਅਧੀਨ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਭਾਵਨਾ ਪੈਦਾ ਕਰਨ ਲਈ ਦੇਸ਼ ਭਰ ਵਿੱਚ ਅਲੱਗ ਅਲੱਗ ਰਾਜਾਂ ਵਿੱਚ ਯੂਥ ਕਲੱਬਾਂ ਚੋਂ ਚੁਣ ਕੇ ਨੌਜਵਾਨ ਲੜਕੀਆਂ-ਲੜਕੇ ਭੇਜੇ ਜਾਂਦੇ ਹਨ ਤਾਂ ਜੋ ਉਹਨਾਂ ਨੂੰ ਦੇਸ਼ ਭਰ ਦੇ ਲੋਕਾਂ ਨੂੰ ਜਾਨਣ ਦਾ ਮੌਕਾ ਮਿਲੇ ।

ਨੋਟ : ਯੂਥ ਕਲੱਬ ਅਤੇ ਮਹਿਲਾ ਮੰਡਲ ਬਨਾਉਣ ਲਈ ਇਸ ਦਫਤਰ ਨਾਲ ਸੰਪਰਕ ਕੀਤਾ ਜਾਵੇ ।